**ਪੰਜਾਬ ਸਰਕਾਰ**
**ਸਿੱਖਿਆ ਵਿਭਾਗ (ਸਕੂਲਜ)**

ਵੱਲ

ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ,
ਪੰਜਾਬ ਰਾਜ।

ਮੀਮੋ ਨੰ: 11/62/17-5ਸਿ6/1211506/1
ਮਿਤੀ: ਚੰਡੀਗੜ੍ਹ। 17-04-2018

1.0 ਕਈ ਅਧਿਆਪਕਾਂ ਦੇ ਰਾਹੀਂ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲ ਮੁੱਖੀ, ਸਕੂਲਾਂ ਵਿੱਚ ਕੰਮ ਦੀ ਵੰਡ ਸਹੀ ਤੇ ਜਾਇਜ ਤਰੀਕੇ ਨਾਲ ਨਹੀਂ ਕਰ ਰਹੇ ਹਨ। ਬਹੁਤ ਵਾਰ ਸਕੂਲ ਮੁੱਖੀ ਕਿਸੇ ਨਾ ਕਿਸੇ ਕਾਰਨ ਕਰਕੇ ਕਿਸੇ ਖਾਸ ਅਧਿਆਪਕ ਦਾ ਪੱਖ-ਵਾਦ ਕਰਦੇ ਹਨ।

2.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਕੂਲਾਂ ਵਿੱਚ ਕੰਮ ਦੀ ਵੰਡ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਬਣਦੀ ਹੈ। ਜਿੱਥੇ ਕਿਤੇ ਵੀ ਸਕੂਲ ਪ੍ਰਿੰਸੀਪਲ ਜਾਂ ਸਕੂਲ ਮੁੱਖੀ ਨੂੰ ਕੋਈ ਮੁਸ਼ਕਲ ਆਉਂਦੀ ਹੈ, ਤਾਂ ਇਸ ਗੱਲ ਨੂੰ ਤੁਰੰਤ ਵਟਸਐਪ ਗਰੁੱਪ ਜੋ ਕਿ ਇਸ ਕੰਮ ਲਈ ਹੀ ਬਣਾਇਆ ਗਿਆ ਹੈ, ਤੇ ਦਫਤਰ ਦੇ ਧਿਆਨ ਵਿੱਚ ਲਿਆਂਦਾ ਜਾਵੇ।

3.0 ਕਿਸੇ ਵ ੀ ਅਧਿਆਪਕ ਨੂੰ ਕੰਮ ਸੌਂਪਦੇ ਹੋਏ ਸਕੂਲ ਮੁੱਖੀ ਤਰਕ-ਸੰਗਤ ਤਰੀਕੇ ਨਾਲ ਕੰਮ ਦੀ ਵੰਡ ਕਰਨ ਅਤੇ ਕਿਸੇ ਵੀ ਅਧਿਆਪਕ ਤੇ ਕੰਮ ਦਾ ਬੇਲੋੜਾ/ਗੈਰ ਜਰੂਰੀ ਭਾਰ ਨਾ ਪਾਉਣ। ਇਹ ਉਚਿੱਤ ਹੋਵੇਗਾ ਜੇ ਸਕੂਲ ਮੁੱਖੀ ਕੰਮ ਦੀ ਵੰਡ ਕਰਨ ਲਈ ਸਕੂਲ ਦੇ ਅਧਿਆਪਕ ਤੇ ਕੰਮ ਦਾ ਬੇ-ਲੋੜਾ/ਗੈਰ-ਜਰੂਰੀ ਭਾਰ ਨਾ ਪਾਉਣ ਅਤੇ ਸਕੂਲ ਮੁੱਖੀ ਕੰਮ ਦੀ ਵੰਡ ਕਰਨ ਲਈ ਸਕੂਲ ਦੇ ਅਧਿਆਪਕਾਂ ਦੀ ਮੀਟਿੰਗ ਬੁਲਾਉਣ ਉਪਰੰਤ ਕੰਮ ਦੀ ਵੰਡ ਕਰਨ।

ਸਕੱਤਰ ਸਕੂਲ ਸਿੱਖਿਆ ਪੰਜਾਬ